




# ਡਾਊਨ ਪੇਮੈਂਟ ਵਿੱਚ ਸਹਾਇਤਾ

## ਤੱਕ $350,000

## ReCoverCA ਘਰ ਦੇ ਖਰੀਦਦਾਰ ਲਈ ਸਹਾਇਤਾ

ReCoverCA ਘਰ ਦੇ ਖਰੀਦਦਾਰ ਲਈ ਸਹਾਇਤਾ (DR-HBA) ਪ੍ਰੋਗਰਾਮ ਕੈਲੀਫੋਰਨੀਆ ਵਿੱਚ 2018 ਵਿੱਚ ਸੰਘੀ ਤੌਰ 'ਤੇ ਘੋਸ਼ਿਤ ਅੱਗ ਦੀਆਂ ਆਫ਼ਤਾਂ ਤੋਂ ਪ੍ਰਭਾਵਿਤ ਘੱਟ-ਤੋਂ-ਦਰਮਿਆਨੀ ਆਮਦਨ ਵਾਲੇ ਪਰਿਵਾਰਾਂ (ਘਰ ਮਾਲਕਾਂ ਜਾਂ ਕਿਰਾਏਦਾਰਾਂ) ਨੂੰ ਡਾਊਨ ਪੇਮੈਂਟ ਅਤੇ ਬੰਦ ਕਰਨ ਦੇ ਖਰਚਿਆਂ ਵਿੱਚ $350,000 ਤੱਕ ਦੀ ਸਹਾਇਤਾ ਮੁਹੱਈਆ ਕਰਦਾ ਹੈ। ਮਕਸਦ ਵਿਅਕਤੀਆਂ ਅਤੇ ਪਰਿਵਾਰਾਂ ਦੀ, ਕੈਲੀਫੋਰਨੀਆ ਵਿੱਚ ਅੱਗ ਦੀ ਜ਼ਿਆਦਾ ਜਾਂ ਬਹੁਤ ਜ਼ਿਆਦਾ ਤੀਬਰਤਾ ਵਾਲੇ ਖੇਤਰਾਂ ਤੋਂ ਬਾਹਰ ਤਬਦੀਲ ਹੋਣ ਅਤੇ ਘਰ ਖਰੀਦਣ ਵਿੱਚ ਮਦਦ ਕਰਨਾ ਹੈ।

ਇਹ ਪ੍ਰੋਗਰਾਮ ਬਿਨੈਕਾਰ ਪਹਿਲੇ ਮਾਰਗੇਜ ਕਰਜ਼ ਵਿੱਚ ਕਿੰਨਾ ਕਰਜ਼ ਲੈ ਸਕਦਾ ਹੈ ਅਤੇ ਸੰਪਤੀ ਦੇ ਖਰੀਦ ਮੁੱਲ ਦੇ ਵਿਚਕਾਰ ਅੰਤਰ ਨੂੰ ਕਵਰ ਕਰਨ ਲਈ ਤਿਆਰ ਕੀਤਾ ਗਿਆ ਹੈ। ਪ੍ਰਤੱਖ ਸਹਾਇਤਾ ਦੂਜੇ ਮਾਰਗੇਜ ਕਰਜ਼ ਵਜੋਂ ਹੁੰਦੀ ਹੈ, ਜਿਸ ਨੂੰ ਮਲਕੀਅਤ ਅਤੇ ਕਬਜ਼ਾ ਕਾਇਮ ਰੱਖਣ ਦੇ ਪੰਜ ਸਾਲਾਂ ਬਾਅਦ ਮੁਆਫ਼ ਕਰ ਦਿੱਤਾ ਜਾਂਦਾ ਹੈ।

## ਯੋਗ ਕਾਉਂਟੀਆਂ

ਜੇ ਤੁਹਾਡਾ ਮੁੱਖ ਨਿਵਾਸ (ਆਪਣਾ ਜਾਂ ਕਿਰਾਏ ਦਾ) ਹੇਠਾਂ ਵਰਣਨ ਕੀਤੀਆਂ ਸਮਾਂ-ਮਿਆਦਾਂ ਦੇ ਦੌਰਾਨ ਹੇਠਾਂ ਦਿੱਤੇ ਆਫ਼ਤ ਸਹਾਇਤਾ ਖੇਤਰਾਂ ਵਿੱਚ ਸਥਿਤ ਸੀ, ਤਾਂ ਤੁਸੀਂ ReCoverCA ਘਰ ਦੇ ਖਰੀਦਦਾਰ ਲਈ ਸਹਾਇਤਾ ਲਈ ਯੋਗ ਹੋ ਸਕਦੇ ਹੋ।.

<u>2018 ਯੋਗ ਆਫ਼ਤ ਖੇਤਰ:</u>

Butte, Lake, Los Angeles ਅਤੇ Shasta Counties.

## ਬਿਨੈਕਾਰ ਦੀ ਯੋਗਤਾ

- ਘਰੇਲੂ ਆਮਦਨ ਸੀਮਾਵਾਂ ਨੂੰ HUD ਦੀਆਂ ਘੱਟ-ਤੋਂ-ਦਰਮਿਆਨੀ ਆਮਦਨ (HUD ਖੇਤਰ ਦੀ ਔਸਤ ਆਮਦਨ ਦਾ 80% ਜਾਂ ਇਸ ਤੋਂ ਘੱਟ) ਦੀਆਂ ਲੋੜਾਂ ਨੂੰ ਪੂਰਾ ਕਰਨਾ ਹੋਵੇਗਾ।
- 640 ਜਾਂ ਇਸ ਤੋਂ ਵੱਧ ਦਾ ਕ੍ਰੈਡਿਟ ਸਕੋਰ।
- ਵੱਧ ਤੋਂ ਵੱਧ 45% ਦਾ ਕਰਜ਼-ਤੋਂ-ਆਮਦਨ ਅਨੁਪਾਤ।
- 8-ਘੰਟੇ ਦਾ ਔਨਲਾਈਨ ਘਰ ਖਰੀਦਦਾਰ ਸਿੱਖਿਆ ਕੋਰਸ ਪੂਰਾ ਕਰਨਾ ਜ਼ਰੂਰੀ ਹੈ।
- ਅੱਗ ਦੀ ਜ਼ਿਆਦਾ ਜਾਂ ਬਹੁਤ ਜ਼ਿਆਦਾ ਤੀਬਰਤਾ ਵਾਲੇ ਖੇਤਰਾਂ ਤੋਂ ਬਾਹਰ ਖਰੀਦਦਾਰੀ ਕਰਨਾ ਜ਼ਰੂਰੀ ਹੈ।

## ਸ਼ੁਰੂਆਤ ਕਰਨ ਲਈ ਅੱਜ ਹੀ ਕੱਾਲ ਕਰੋ

ReCover CA California

GOLDEN STATE Finance Authority®

* ਇਸ ਪਰਚੇ ਵਿੱਚ ਪ੍ਰੋਗਰਾਮ ਬਾਰੇ ਆਮ ਜਾਣਕਾਰੀ ਸ਼ਾਮਲ ਹੈ, ਇਹ ਉਧਾਰ ਦੇਣ ਪੇਸ਼ਕਸ਼ ਨਹੀਂ ਹੈ ਅਤੇ ਨਾ ਹੀ ਕਰਜ਼ ਦੇਣ ਦੀ ਵਚਨਬੱਧਤਾ ਹੈ ਅਤੇ ਬਿਨਾਂ ਕਿਸੇ ਸੂਚਨਾ ਦੇ ਬਦਲ ਸਕਦੀ ਹੈ।ਪੂਰੇ ਪ੍ਰੋਗਰਾਮ ਬਾਰੇ ਦਿਸ਼ਾ-ਨਿਰਦੇਸ਼, ਕਰਜ਼ੇ ਲਈ ਅਰਜ਼ੀਆਂ, ਵਿਆਜ ਦੀਆਂ ਦਰਾਂ ਅਤੇ ਸਾਲਾਨਾ ਪ੍ਰਤਿਸ਼ਤ ਦਰਾਂ (APRs) GSFA ਭਾਗੀਦਾਰ ਕਰਜ਼ਦਾਤਿਆਂ ਦੇ ਰਾਹੀਂ ਉਪਲਬਧ ਹਨ।

ReCoverCA ਘਰ ਦੇ ਖਰੀਦਦਾਰ ਲਈ ਸਹਾਇਤਾ (DR-HBA) ਪ੍ਰੋਗਰਾਮ ਕੈਲੀਫੋਰਨੀਆ ਡਿਪਾਰਟਮੈਂਟ ਔਫ਼ ਹਾਊਸਿੰਗ ਐਂਡ ਕਮਿਊਨਿਟੀ ਡਿਵੈਲਪਮੈਂਟ (HCD) ਦੁਆਰਾ ਪ੍ਰੋਗਰਾਮ ਦੇ ਪ੍ਰਸ਼ਾਸਕ ਵਜੋਂ ਗੋਲਡਨ ਸਟੇਟ ਫਾਇਨੈਂਸ ਅਥਾਰਟੀ (GSFA) ਦੇ ਸਹਿਯੋਗ ਨਾਲ ਮੁਹੱਈਆ ਕੀਤਾ ਜਾਂਦਾ ਹੈ। ਪ੍ਰੋਗਰਾਮ ਲਈ ਫੰਡਿੰਗ HUD ਤੋਂ ਕਮਿਊਨਿਟੀ ਡਿਵੈਲਪਮੈਂਟ ਬਲਾਕ ਗ੍ਰਾਂਟ - ਡਿਜ਼ਾਸਟਰ ਰਿਕਵਰੀ (CDBG-DR) ਗ੍ਰਾਂਟ ਦੇ ਜ਼ਰੀਏ ਸੰਭਵ ਬਣਾਈ ਗਈ ਹੈ। GSFA ਇੱਕ ਕਾਨੂੰਨੀ ਤੌਰ 'ਤੇ ਬਣਾਈ ਗਈ ਜਨਤਕ ਇਕਾਈ ਅਤੇ ਏਜੰਸੀ ਹੈ।

© 2026 HBA82 PA 02/09/26